ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 13.06.2025 ਨੂੰ ਦੁਪਹਿਰ 04.15 ਵਜੇ ਹੋਈ 32ਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ੍ਰੀ/ਸ੍ਰੀਮਤੀ | ਅਹੁਦਾ |
|---|---|---|
| 1 | ਤੇਜਵੀਰ ਸਿੰਘ, ਆਈ.ਏ.ਐਸ<br>ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ ਵਿਭਾਗ, ਪੰਜਾਬ | ਮੈਂਬਰ |
| 2 | ਕ੍ਰਿਸ਼ਨ ਕੁਮਾਰ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਵਿੱਤ ਵਿਭਾਗ, ਪੰਜਾਬ | ਮੈਂਬਰ |
| 3 | ਵਿਕਾਸ ਗਰਗ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ | ਮੈਂਬਰ |
| 4 | ਵਿਸ਼ੇਸ਼ ਸਾਰੰਗਲ, ਆਈ.ਏ.ਐਸ.<br>ਮੁੱਖ ਪ੍ਰਸ਼ਾਸ਼ਕ, ਗਮਾਡਾ। | ਮੈਂਬਰ |
| 5 | ਕੇਸ਼ਵ ਗੋਇਲ, ਪੀ.ਸੀ.ਐਸ.<br>ਸੰਯੁਕਤ ਪ੍ਰਮੁੱਖ ਸਕੱਤਰ / ਮੁੱਖ ਮੰਤਰੀ ਪੰਜਾਬ ਨੁਮਾਇੰਦਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ | ਮੈਂਬਰ |
| 6 | ਸੰਦੀਪ ਕੁਮਾਰ, ਸੀਨੀਅਰ ਨਗਰ ਯੋਜਨਾਕਾਰ ਨੁਮਾਇੰਦਾ ਮੁੱਖ ਨਗਰ ਯੋਜਨਾਕਾਰ, ਪੰਜਾਬ ਗ੍ਰਾਮ ਅਤੇ ਨਗਰ ਯੋਜਨਾਕਾਰ, ਪੰਜਾਬ। | ਮੈਂਬਰ |

Scanned with OKEN Scanner

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

ਅਜੰਡਾ ਆਈਟਮ ਨੰਬਰ **32.01**

**ਗਮਾਡਾ ਏਰੀਏ ਵਿੱਚ ਪੈਂਦੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਰਿਹਾਇਸੀ ਅਰਬਨ ਅਸਟੇਟ ਅਤੇ ਇੰਟੀਗਰੇਟਿਡ ਇੰਡਸਟ੍ਰੀਅਲ ਪਾਰਕ ਦੀ ਸਥਾਪਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋਂ ਮੱਦ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

ਅਜੰਡਾ ਆਈਟਮ ਨੰਬਰ **32.02**

**ਗਮਾਡਾ ਏਰੀਏ ਵਿੱਚ ਪੈਂਦੇ ਰਾਜਪੁਰਾ ਵਿਖੇ ਨਵੀਂ ਅਰਬਨ ਐਸਟੇਟਸ ਦੀ ਸਥਾਪਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋਂ ਮੱਦ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

ਅਜੰਡਾ ਆਈਟਮ ਨੰਬਰ **32.03**

**ਗਮਾਡਾ ਏਰੀਏ ਵਿੱਚ ਪੈਂਦੇ ਰੂਪਨਗਰ ਵਿਖੇ ਅਰਬਨ ਐਸਟੇਟਸ ਦੀ ਸਥਾਪਨਾ ਕਰਨ ਸਬੰਧੀ।**

ਕਮੇਟੀ ਵੱਲੋਂ ਮੱਦ ਵਿੱਚ ਸਾਈਟ ਨੰਬਰ 1, 2 ਅਤੇ 3 ਸਬੰਧੀ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ। ਸਾਈਟ ਨੰਬਰ 4 ਸਬੰਧੀ ਕਮੇਟੀ ਵੱਲੋਂ ਮਹਿਸੂਸ ਕੀਤਾ ਗਿਆ ਕਿ ਇਸ ਸਾਈਟ ਦਾ ਰਕਬਾ 65 ਏਕੜ ਹੈ ਜੋ ਕਿ ਬਹੁਤ ਘੱਟ ਹੈ। ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਮੱਦ ਵਿੱਚ ਸਾਈਟ ਨੰਬਰ 4 ਸਬੰਧੀ ਦਿੱਤੀ ਗਈ ਤਜਵੀਜ ਰੱਦ ਕਰ ਦਿੱਤੀ ਗਈ।

ਅਜੰਡਾ ਆਈਟਮ ਨੰਬਰ **32.04**

**ਗਮਾਡਾ ਏਰੀਏ ਵਿੱਚ ਪੈਂਦੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਅਰਬਨ ਐਸਟੇਟਸ ਦੀ ਸਥਾਪਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋਂ ਇਸ ਮੱਦ ਤੇ ਵਿਸਥਾਰ ਸਹਿਤ ਚਰਚਾ ਕੀਤੀ ਗਈ। ਕਮੇਟੀ ਦੇ ਧਿਆਨ ਵਿੱਚ ਆਇਆ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਗਮਾਡਾ ਵੱਲੋਂ ਪਹਿਲਾਂ ਬਣਾਈ ਗਈ ਅਰਬਨ ਅਸਟੇਟ ਅਜੇ ਤੱਕ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਅਤੇ ਇੱਥੇ ਡਿਮਾਂਡ ਬਹੁਤ ਘੱਟ ਹੈ। ਕਮੇਟੀ ਵੱਲੋਂ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਅਜੰਡੇ ਵਿੱਚ ਦਿੱਤੀ ਤਜਵੀਜ ਰੱਦ ਕਰ ਦਿੱਤੀ ਗਈ।

Scanned with OKEN Scanner

ਅਜੰਡਾ ਆਈਟਮ ਨੰਬਰ 32.05

**ਮੋਹਾਲੀ ਸਰਹੰਦ ਗਰੀਨ ਫੀਲਡ ਐਕਸਪ੍ਰੈਸ ਵੇਅ ਅਤੇ ਮੋਹਾਲੀ ਸ੍ਰੀ ਫਤਿਹਗੜ੍ਹ ਸਾਹਿਬ ਸਟੇਟ ਹਾਈਵੇਅ ਦੇ ਦੋਵੇਂ ਪਾਸੇ ਇਕ-ਇਕ ਕਿਲੋਮੀਟਰ ਵਿੱਚ ਇੰਟੀਗਰੇਟਿਡ ਇੰਡਸਟ੍ਰੀਅਲ ਪਾਰਕ ਸਥਾਪਤ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋਂ ਮੱਦ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

ਮੁੱਖ ਸਕੱਤਰ।

Scanned with OKEN Scanner